MIDWIVES ASSOCIATION
*of* BRITISH COLUMBIA

# ਮਿਡਵਾਈਫਰੀ ਬਾਰੇ



## ਮਿਡਵਾਈਫ ਕੀ ਹੈ?

**ਸੰਖੇਪ ਵਿਚ, ਮਿਡਵਾਈਵਜ਼ (ਦਾਈਆਂ) ਸਿਹਤਮੰਦ ਗਰਭ ਅਤੇ ਜਨਮ ਦੀਆਂ ਮਾਹਰ ਹਨ।**

ਬੀ ਸੀ ਵਿਚ ਰਜਿਸਟਰਸ਼ੁਦਾ ਮਿਡਵਾਈਵਜ਼, ਸਿਹਤਮੰਦ ਗਰਭਵਤੀ ਔਰਤਾਂ ਨੂੰ ਜਣੇਪੇ ਦੀ ਮੁਢਲੀ ਸੰਭਾਲ ਅਤੇ ਉਨ੍ਹਾਂ ਦੇ ਨਵਜੰਮੇ ਬੱਚਿਆਂ ਦੀ ਸੰਭਾਲ ਪ੍ਰਦਾਨ ਕਰਦੀਆਂ ਹਨ ਅਤੇ ਅਜਿਹਾ ਗਰਭ ਦੇ ਸ਼ੁਰੂ ਤੋਂ ਲੈ ਕੇ, ਲੇਬਰ ਅਤੇ ਜਨਮ ਦੌਰਾਨ ਅਤੇ ਡਲਿਵਰੀ ਤੋਂ ਬਾਅਦ ਤਕਰੀਬਨ ਛੇ ਹਫਤਿਆਂ ਤੱਕ ਕੀਤਾ ਜਾਂਦਾ ਹੈ। ਇਸ ਦਾ ਅਸਲ ਵਿਚ ਕੀ ਮਤਲਬ ਹੈ? ਮਿਡਵਾਈਵਜ਼ (ਦਾਈਆਂ) ਸੁਣਦੀਆਂ ਹਨ, ਨਿਗ੍ਹਾ ਰੱਖਦੀਆਂ ਹਨ, ਸਿਖਿਆ ਦਿੰਦੀਆਂ ਹਨ, ਸੇਧ ਦਿੰਦੀਆਂ ਹਨ ਅਤੇ ਸੰਭਾਲ ਕਰਦੀਆਂ ਹਨ। ਉਹ ਟੈੱਸਟਾਂ ਦੇ ਆਰਡਰ ਕਰਦੀਆਂ ਅਤੇ ਇਨ੍ਹਾਂ ਨੂੰ ਦੇਖਦੀਆਂ ਹਨ ਅਤੇ ਨਤੀਜਿਆਂ ਬਾਰੇ ਗੱਲਬਾਤ ਕਰਦੀਆਂ ਹਨ। ਉਹ ਸਰੀਰਕ, ਮਾਨਸਿਕ, ਜਜ਼ਬਾਤੀ ਅਤੇ ਸਮਾਜਿਕ ਸਿਹਤ ਲਈ ਚੈੱਕ ਕਰਦੀਆਂ ਹਨ। ਉਹ ਔਰਤਾਂ ਨਾਲ ਨੌਰਮਲ ਅਤੇ ਗੁੰਝਲਦਾਰ ਗਰਭ, ਲੇਬਰ ਅਤੇ ਜਨਮ ਦੇਣ ਦੌਰਾਨ ਹੁੰਦੀਆਂ ਹਨ। ਉਹ ਬੇਬੀ ਫੜਦੀਆਂ ਹਨ। ਬੇਬੀ ਦੇ ਜਨਮ ਤੋਂ ਬਾਅਦ ਉਹ ਘਰ ਫੇਰੀਆਂ ਮਾਰਦੀਆਂ ਹਨ। ਉਹ ਦੁੱਧ ਚੁੰਘਾਉਣ ਵਿਚ ਅਤੇ ਨਵੇਂ ਬੇਬੀ ਨਾਲ ਜ਼ਿੰਦਗੀ ਵਿਚ ਅਡਜਸਟ ਹੋਣ ਵਿਚ ਮਦਦ ਕਰਦੀਆਂ ਹਨ। ਉਹ ਰਲ ਕੇ ਅਤੇ ਹੋਰ ਸਿਹਤ ਮਾਹਰਾਂ ਨਾਲ ਕੰਮ ਕਰਦੀਆਂ ਹਨ। ਉਹ ਸਬੂਤ ਆਧਾਰਿਤ ਕਲਾਇੰਟ ’ਤੇ ਕੇਂਦਰਿਤ ਜਣੇਪੇ ਅਤੇ ਨਵਜੰਮੇ ਬੱਚੇ ਦੀ ਸੰਭਾਲ ਦੀ ਪ੍ਰੈਕਟਿਸ ਕਰਦੀਆਂ ਹਨ ਅਤੇ ਉਹ ਬੀ ਸੀ ਹੈਲਥ ਕੇਅਰ ਸਿਸਟਮ ਦਾ ਇਕ ਸਥਾਪਤ ਹਿੱਸਾ ਹਨ।

## ਕਿਸੇ ਮਿਡਵਾਈਫ ਕੋਲ ਜਾਣ ਲਈ ਕੀ ਮੈਨੂੰ ਕਿਸੇ ਵਲੋਂ ਭੇਜੇ ਜਾਣ ਦੀ ਲੋੜ ਹੈ?

ਕਿਸੇ ਵਲੋਂ ਭੇਜੇ ਜਾਣ (ਰੈਫਰਲ) ਦੀ ਲੋੜ ਨਹੀਂ ਹੈ।

## ਮੈਂ ਮਿਡਵਾਈਫ ਕਿਵੇਂ ਲੱਭਣੀ ਹੈ?

ਬੱਸ ਆਪਣੇ ਲੋਕਲ ਮਿਡਵਾਈਫਰੀ ਪ੍ਰੈਕਟਿਸਿਜ਼ ਦੇ ਸੰਪਰਕ ਵੇਰਵੇ ਦੇਖੋ ਅਤੇ ਉਨ੍ਹਾਂ ਨੂੰ ਫੋਨ ਕਰੋ। ਆਪਣੇ ਇਲਾਕੇ ਵਿਚ ਕੋਈ ਮਿਡਵਾਈਫ ਲੱਭਣ ਵਿਚ ਮਦਦ ਲਈ ਸਾਡੇ ਵੈੱਬਸਾਈਟ ’ਤੇ ਸਰਚ ਕਰਨ ਯੋਗ ਨਕਸ਼ਾ ਵਰਤੋ।

## ਕੀ ਮਿਡਵਾਈਫਰੀ ਸੇਵਾਵਾਂ ਨਿਯਮਬੱਧ ਹਨ?

ਮਿਡਵਾਈਵਜ਼, ਕਾਲਜ ਔਫ ਮਿਡਵਾਈਵਜ਼ ਔਫ ਬ੍ਰਿਟਿਸ਼ ਕੋਲੰਬੀਆ (ਸੀ ਐੱਮ ਬੀ ਸੀ) ਨਾਲ ਬੀ ਸੀ ਹੈਲਥ ਪ੍ਰੋਫੈਸ਼ਨਜ਼ ਐਕਟ, ਮਿਡਵਾਈਵਜ਼ ਰੈਗੂਲੇਸ਼ਨ ਅਤੇ ਸੀ ਐੱਮ ਬੀ ਸੀ ਬਾਈਲਾਅਜ਼ ਮੁਤਾਬਕ ਰਜਿਸਟਰ ਹਨ ਅਤੇ ਇਸ ਵਲੋਂ ਨਿਯਮਬੱਧ ਹਨ। ਮਿਡਵਾਈਵਜ਼ 1998 ਤੋਂ ਬੀ ਸੀ ਵਿਚ ਆਜ਼ਾਦ ਹੈਲਥ ਕੇਅਰ ਪ੍ਰੈਕਟੀਸ਼ਨਰਾਂ ਵਜੋਂ ਨਿਯਮਬੱਧ ਹਨ ਅਤੇ ਕਾਨੂੰਨੀ ਤੌਰ ’ਤੇ ਮਾਨਤਾ ਪ੍ਰਾਪਤ ਹਨ।

## ਕੀ ਮਿਡਵਾਈਵਰੀ ਸੇਵਾਵਾਂ ਦਾ ਖਰਚਾ ਬੀ ਸੀ ਵਿਚ ਕਵਰ ਕੀਤਾ ਜਾਂਦਾ ਹੈ?

ਬੀ ਸੀ ਦੀ ਮਨਿਸਟਰੀ ਔਫ ਹੈਲਥ ਦੇ ਫੰਡ ਬੀ ਸੀ ਦੇ ਉਨ੍ਹਾਂ ਸਾਰੇ ਵਸਨੀਕਾਂ ਲਈ ਮਿਡਵਾਈਫਰੀ ਸੇਵਾਵਾਂ ਦੇ ਖਰਚੇ ਨੂੰ ਕਵਰ ਕਰਦੇ

ਹਨ ਜਿਨ੍ਹਾਂ ਕੋਲ ਬੀ ਸੀ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਰਾਹੀਂ ਯੋਗ ਕੇਅਰ ਕਾਰਡ ਹੈ।

## ਕੀ ਮੈਂ ਡਾਕਟਰ ਅਤੇ ਮਿਡਵਾਈਫ ਦੋਨੋਂ ਰੱਖ ਸਕਦੀ ਹਾਂ?

ਬੀ ਸੀ ਮੈਡੀਕਲ ਸਰਵਿਸਿਜ਼ ਪਲੈਨ, ਤੁਹਾਡੇ ਗਰਭ ਅਤੇ ਜਨਮ ਦੇਣ ਦੌਰਾਨ, ਅਤੇ ਸਿਹਤਮੰਦ ਗਰਭਾਂ ਦੀ ਡਲਿਵਰੀ ਤੋਂ ਬਾਅਦ ਛੇ ਹਫਤਿਆਂ ਲਈ ਸਿਰਫ ਇਕ ਪ੍ਰਾਇਮਰੀ ਕੇਅਰ ਪ੍ਰੋਵਾਈਡਰ (ਮੁਢਲੀ ਸੰਭਾਲ ਕਰਨ ਵਾਲੇ) ਨੂੰ ਕਵਰ ਕਰਦੀ ਹੈ। ਆਪਣੇ ਗਰਭ ਦੌਰਾਨ ਸੰਭਾਲ ਕਰਨ ਵਾਲੇ ਦੀ ਚੋਣ ਤੁਹਾਡੀ ਆਪਣੀ ਹੈ। ਮਿਡਵਾਈਵਜ਼ ਸਿਹਤਮੰਦ ਗਰਭਾਂ ਅਤੇ ਨੌਰਮਲ ਜਨਮਾਂ ਵਿਚ ਮਾਹਰ ਹੁੰਦੀਆਂ ਹਨ ਅਤੇ ਲੋੜ ਪੈਣ 'ਤੇ ਫੈਮਿਲੀ ਡਾਕਟਰਾਂ ਅਤੇ ਹੋਰ ਸਪੈਸ਼ਲਿਸਟਾਂ ਜਿਵੇਂ ਕਿ ਜਣੇਪੇ ਵਿਚ ਮਾਹਰ ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਦੀਆਂ ਹਨ। ਡਲਿਵਰੀ ਤੋਂ ਛੇ ਹਫਤੇ ਬਾਅਦ, ਜਦੋਂ ਤੁਹਾਡੀ ਮਿਡਵਾਈਫਰੀ ਦੀ ਸੰਭਾਲ ਪੂਰੀ ਹੋ ਜਾਂਦੀ ਹੈ, ਤੁਹਾਨੂੰ ਤੁਹਾਡੇ ਫੈਮਿਲੀ ਡਾਕਟਰ ਕੋਲ ਵਾਪਸ ਤਬਦੀਲ ਕਰ ਦਿੱਤਾ ਜਾਵੇਗਾ ਜੋ ਕਿ ਤੁਹਾਡੀ ਅਤੇ ਤੁਹਾਡੇ ਨਵਜੰਮੇ ਬੱਚੀ ਦੀ ਸਿਹਤ ਲਈ ਜ਼ਿੰਮੇਵਾਰੀ ਸ਼ੁਰੂ ਕਰ ਦੇਵੇਗਾ/ਦੇਵੇਗੀ। ਜਿਨ੍ਹਾਂ ਪਰਿਵਾਰਾਂ ਕੋਲ ਫੈਮਿਲੀ ਡਾਕਟਰ ਨਹੀਂ ਹੈ ਉਹ ਆਪਣੀ ਲਗਾਤਾਰ ਹੋਣ ਵਾਲੀ ਮੁਢਲੀ ਸੰਭਾਲ ਦੇ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹਨ। ਤੁਹਾਡੀ ਮਿਡਵਾਈਫ ਤੁਹਾਡੇ ਪਰਿਵਾਰ ਲਈ ਡਾਕਟਰ ਲੱਭਣ ਬਾਰੇ ਤੁਹਾਨੂੰ ਜ਼ਿਆਦਾ ਜਾਣਕਾਰੀ ਦੇ ਸਕਦੀ ਹੈ।

## ਮੈਂ ਬੀ ਸੀ ਮੈਡੀਕਲ ਸਰਵਿਸਿਜ਼ ਪਲੈਨ ਹੇਠ ਕਵਰ ਨਹੀਂ ਹਾਂ। ਕੀ ਮੈਂ ਅਜੇ ਵੀ ਮਿਡਵਾਈਫ ਲੈ ਸਕਦੀ ਹਾਂ?

ਜੇ ਤੁਸੀਂ ਇਨਟਰਮ ਫੈਡਰਲ ਹੈਲਥ ਪ੍ਰੋਗਰਾਮ (ਆਈ ਐੱਫ ਐੱਚ ਪੀ) ਹੇਠ ਰਫਿਊਜੀ ਹੋਵੋ ਤਾਂ ਤੁਸੀਂ ਮਿਡਵਾਈਵਜ਼ ਐਸੋਸੀਏਸ਼ਨ ਔਫ ਬੀ ਸੀ (ਐੱਮ ਏ ਬੀ ਸੀ) ਨੂੰ 604-736-5976 'ਤੇ ਫੋਨ ਕਰਕੇ ਇਹ ਪੁੱਛ ਸਕਦੇ ਹੋ ਕਿ ਕੀ ਤੁਹਾਡੇ ਏਰੀਏ ਵਿਚ ਕੋਈ ਮਿਡਵਾਈਫ ਮੇਡਾਵੀ ਬਲੂ ਕਰੌਸ ਨਾਲ ਰਜਿਸਟਰਡ ਹੈ। ਜੇ ਤੁਸੀਂ ਰਫਿਊਜੀ ਨਹੀਂ ਹੋ ਤਾਂ ਤੁਹਾਡਾ ਪਹਿਲਾ ਕਦਮ ਮਿਡਵਾਈਫਰੀ ਕਲੀਨਿਕ ਨਾਲ ਸੰਪਰਕ ਕਰਨਾ ਹੈ ਅਤੇ ਉਨ੍ਹਾਂ ਨਾਲ ਆਪਣੀ ਸੰਭਾਲ ਦਾ ਖਰਚਾ ਪ੍ਰਾਈਵੇਟ ਤੌਰ 'ਤੇ ਦੇਣ ਦੀ ਚੋਣ ਬਾਰੇ ਗੱਲਬਾਤ ਕਰਨਾ ਹੈ।

## ਮਿਡਵਾਈਫ ਨਾਲ ਆਪਣੀ ਪਹਿਲੀ ਅਪੌਇੰਟਮੈਂਟ ਬਣਾਉਣ ਲਈ ਮੈਨੂੰ ਕਦੋਂ ਫੋਨ ਕਰਨਾ ਚਾਹੀਦਾ ਹੈ?

ਕਿਸੇ ਮਿਡਵਾਈਫ ਨਾਲ ਉਦੋਂ ਹੀ ਛੇਤੀ ਤੋਂ ਛੇਤੀ ਸੰਪਰਕ ਕਰੋ ਜਦੋਂ ਤੁਹਾਨੂੰ ਇਹ ਪਤਾ ਲੱਗੇ ਕਿ ਤੁਸੀਂ ਗਰਭਵਤੀ ਹੋ। ਮਿਡਵਾਈਫਰੀ ਪ੍ਰੈਕਟਿਸਿਜ਼ ਕਮਿਉਨਟੀ ਅਤੇ ਪ੍ਰੈਕਟਿਸ ਦੀ ਗਿਣਤੀ ਮੁਤਾਬਕ ਤੇਜ਼ੀ ਨਾਲ ਫੁੱਲ ਹੋ ਸਕਦੀਆਂ ਹਨ, ਪਰ ਤੁਸੀਂ ਕਿਸੇ ਵੀ ਸਮੇਂ ਫੋਨ ਕਰ ਸਕਦੇ ਹੋ ਕਿਉਂਕਿ ਥਾਂਵਾਂ ਉਪਲਬਧ ਹੋ ਸਕਦੀਆਂ ਹਨ ਜਾਂ ਕਿਸੇ ਮਹੀਨੇ ਕੋਈ ਪ੍ਰੈਕਟਿਸ ਸ਼ਾਇਦ ਫੁੱਲ ਨਾ ਹੋਵੇ। ਜੇ ਤੁਸੀਂ ਆਪਣਾ ਗਰਭ ਕਿਸੇ ਡਾਕਟਰ ਦੀ ਸੰਭਾਲ ਹੇਠ ਸ਼ੁਰੂ ਕੀਤਾ ਹੋਵੇ ਅਤੇ ਕਿਸੇ ਮਿਡਵਾਈਫ ਕੋਲ ਤਬਦੀਲ ਹੋਣਾ ਚਾਹੁੰਦੇ ਹੋਵੋ ਤਾਂ ਅਜਿਹਾ ਕਰਨਾ ਸੰਭਵ ਹੈ ਪਰ ਉਪਲਬਧ ਪ੍ਰੈਕਟਿਸ ਲੱਭਣਾ ਔਖਾ ਹੋ ਸਕਦਾ ਹੈ।

## ਮੈਨੂੰ ਮਿਡਵਾਈਫ ਨੇ ਕਿੰਨੀ ਕੁ ਵਾਰੀ ਦੇਖਣਾ ਹੈ?

ਮਿਡਵਾਈਫ ਕੋਲ ਵਿਜ਼ਟਾਂ (ਫੇਰੀਆਂ), ਗਰਭ ਵਿਚ ਡਾਕਟਰਾਂ ਕੋਲ ਵਿਜ਼ਟਾਂ ਨਾਲੋਂ ਥੋੜ੍ਹਾ ਜਿਹਾ ਜ਼ਿਆਦਾ ਹੁੰਦੀਆਂ ਹਨ। ਗਰਭ ਦੇ ਪਹਿਲੇ ਹਿੱਸੇ ਵਿਚ ਬਹੁਤੀਆਂ ਵਿਜ਼ਟਾਂ ਹਰ ਤਿੰਨ ਤੋਂ ਛੇ ਹਫਤੇ ਬਾਅਦ ਮਿੱਥੀਆਂ ਜਾਂਦੀਆਂ ਹਨ ਅਤੇ ਇਹ 30 ਤੋਂ 60 ਮਿੰਟਾਂ ਦੀਆਂ ਹੁੰਦੀਆਂ ਹਨ। ਗਰਭ ਦੀ ਤੀਜੀ ਤਿਮਾਹੀ ਵਿਚ ਵਿਜ਼ਟਾਂ ਜ਼ਿਆਦਾ ਵਾਰੀ ਹੁੰਦੀਆਂ ਹਨ ਅਤੇ ਗਰਭ ਦੇ ਆਖਰੀ ਮਹੀਨੇ ਦੌਰਾਨ ਅਕਸਰ ਹਰ ਹਫਤੇ ਹੁੰਦੀਆਂ ਹਨ। ਲੰਬੀਆਂ ਵਿਜ਼ਟਾਂ, ਸਰੀਰਕ, ਜਜ਼ਬਾਤੀ ਅਤੇ ਸਮਾਜਿਕ ਸਿਹਤ ਅਸੈੱਸਮੈਂਟਾਂ ਕਰਨ ਦਿੰਦੀਆਂ ਹਨ ਅਤੇ ਇਨ੍ਹਾਂ ਨਾਲ ਜਾਣਕਾਰੀ ਲੈ ਕੇ ਫੈਸਲੇ ਕਰਨ ਦੀ ਆਗਿਆ ਮਿਲਦੀ ਹੈ ਅਤੇ ਕਲਾਇੰਟਾਂ ਅਤੇ ਉਨ੍ਹਾਂ ਦੀ ਸੰਭਾਲ ਕਰਨ ਵਾਲਿਆਂ ਵਿਚਕਾਰ ਭਰੋਸੇ ਵਾਲਾ ਸਬੰਧ ਸਥਾਪਤ ਹੁੰਦਾ ਹੈ। ਤੁਹਾਡੇ ਬੇਬੀ ਦੇ ਜਨਮ ਤੋਂ ਬਾਅਦ ਵਿਜ਼ਟਾਂ ਆਮ ਤੌਰ 'ਤੇ ਉੱਥੇ ਹੁੰਦੀਆਂ ਹਨ ਜਿੱਥੇ ਨਵਾਂ ਪਰਿਵਾਰ ਹੁੰਦਾ ਹੈ। ਇਹ ਸ਼ੁਰੂ ਵਿਚ ਹਸਪਤਾਲ ਵਿਚਲੇ ਜਨਮ ਤੋਂ ਬਾਅਦ ਹਸਪਤਾਲ ਵਿਚ ਹੋ ਸਕਦੀਆਂ ਹਨ, ਅਤੇ ਵਾਪਸ ਜਾਣ ਤੋਂ ਬਾਅਦ ਨਵੇਂ ਪਰਿਵਾਰ ਦੇ ਘਰ ਵਿਚ ਹੋ ਸਕਦੀਆਂ ਹਨ, ਜਾਂ ਘਰ ਵਿਚਲੇ ਜਨਮ ਤੋਂ ਬਾਅਦ ਘਰ ਵਿਚ ਹੋ ਸਕਦੀਆਂ ਹਨ। ਪਹਿਲੇ ਜਾਂ ਦੋ ਹਫਤਿਆਂ ਬਾਅਦ, ਵਿਜ਼ਟਾਂ ਆਮ ਤੌਰ 'ਤੇ ਫਿਰ ਕਲੀਨਿਕ ਵਿਚ ਹੁੰਦੀਆਂ ਹਨ ਅਤੇ ਤਕਰੀਬਨ ਛੇ ਹਫਤਿਆਂ ਲਈ ਉਦੋਂ ਤੱਕ ਜਾਰੀ ਰਹਿੰਦੀਆਂ ਹਨ ਜਦੋਂ ਤੱਕ ਤੁਹਾਡੀ ਸੰਭਾਲ ਵਾਪਸ ਤੁਹਾਡੇ ਫੈਮਿਲੀ ਡਾਕਟਰ ਨੂੰ ਤਬਦੀਲ ਹੋ ਜਾਂਦੀ ਹੈ। ਵਿਜ਼ਟਾਂ ਦੇ ਵਿਚਕਾਰ, ਜ਼ਰੂਰੀ ਸੰਭਾਲ ਜਾਂ ਫਿਕਰਾਂ ਲਈ ਮਿਡਵਾਈਵਜ਼ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਫੋਨ 'ਤੇ ਕਵਰੇਜ ਪ੍ਰਦਾਨ ਕਰਦੀਆਂ ਹਨ।

## ਮੇਰੀ ਸੰਭਾਲ ਵਿਚ ਕਿੰਨੀਆਂ ਮਿਡਵਾਈਵਜ਼ ਸ਼ਾਮਲ ਹੋਣਗੀਆਂ?

ਮਿਡਵਾਈਵਜ਼ ਅਕਸਰ ਦੋ ਜਾਂ ਤਿੰਨਾਂ ਦੇ ਗਰੁੱਪਾਂ ਵਿਚ ਕੰਮ ਕਰਦੀਆਂ ਹਨ, ਪਰ ਉਹ ਇਕੱਲੀਆਂ ਵੀ ਜਾਂ ਡਾਕਟਰਾਂ ਜਾਂ ਨਰਸਾਂ ਵਰਗੇ ਹੋਰ ਪ੍ਰੋਵਾਈਡਰਾਂ ਨਾਲ ਟੀਮਾਂ ਵਿਚ ਵੀ ਕੰਮ ਕਰ ਸਕਦੀਆਂ ਹਨ। ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਫੋਨ 'ਤੇ ਕਵਰੇਜ ਸਦਾ ਦਿੱਤੀ ਜਾਵੇਗੀ। ਛੋਟੇ ਗਰੁੱਪਾਂ ਵਾਲੀਆਂ ਪ੍ਰੈਕਟਿਸਾਂ ਵਿਚ, ਬਹੁਤੀਆਂ ਕਲਾਇੰਟਸ, ਲੇਬਰ ਸ਼ੁਰੂ ਹੋਣ ਦੇ ਸਮੇਂ ਤੱਕ ਗਰੁੱਪਾਂ ਵਿਚਲੀਆਂ ਸਾਰੀਆਂ ਮਿਡਵਾਈਵਜ਼ ਨੂੰ ਮਿਲ ਚੁੱਕੀਆਂ ਹੋਣਗੀਆਂ। ਸੀ ਐੱਮ ਬੀ ਸੀ ਦਾ ਮਿਡਵਾਈਫਰੀ ਮਾਡਲ ਔਫ ਪ੍ਰੈਕਟਿਸ ਡਾਕੂਮੈਂਟ, ਸੁਰੱਖਿਅਤ, ਨਿੱਜੀ ਸੰਭਾਲ ਪ੍ਰਦਾਨ ਕਰਨ ਲਈ ਸੰਭਾਲ ਦੀ ਲਗਾਤਾਰਤਾ ਦੇ ਸੰਕਲਪ ਨੂੰ ਉਜਾਗਰ ਕਰਦਾ ਹੈ।



## ਮਿਡਵਾਈਵਜ਼ ਅਤੇ ਔਬਸਟੇਟਰੀਸ਼ਨਜ਼ ਵਿਚਕਾਰ ਕੀ ਸੰਬੰਧ ਹੈ?

ਮਿਡਵਾਈਵਜ਼, ਲੋੜ ਪੈਣ 'ਤੇ ਫੈਮਿਲੀ ਡਾਕਟਰਾਂ, ਔਬਸਟੇਟਰੀਸ਼ਨਜ਼, ਪੀਡੀਆਟਰੀਸ਼ਨਜ਼ ਅਤੇ ਹੋਰ ਸਪੈਸ਼ਲਿਸਟਾਂ ਨਾਲ ਸਲਾਹ ਕਰਦੀਆਂ ਹਨ। ਜ਼ਿਆਦਾ ਜ਼ਰੂਰੀ ਹਾਲਤਾਂ ਵਿਚ ਸੰਭਾਲ ਦੀ ਤਬਦੀਲੀ ਹੋ ਸਕਦੀ ਹੈ। ਜੇ ਗਰਭ ਦੇ ਸ਼ੁਰੂ ਵਿਚ ਸਮੱਸਿਆਵਾਂ ਨਾ ਪੈਦਾ ਹੋਣ ਤਾਂ ਮਿਡਵਾਈਵਜ਼ ਅਕਸਰ ਮਦਦ ਕਰਨ ਵਾਲੇ ਰੋਲ ਵਿਚ ਸ਼ਾਮਲ ਰਹਿੰਦੀਆਂ ਹਨ, ਅਤੇ ਕਦੇ ਕਦੇ ਸਮੱਸਿਆ ਦਾ ਹੱਲ ਹੋ ਜਾਣ ਤੋਂ ਬਾਅਦ ਸੰਭਾਲ ਵਾਪਸ ਤਬਦੀਲ ਕਰ ਦਿੱਤੀ ਜਾਂਦੀ ਹੈ। ਇਨ੍ਹਾ ਕੇਸਾਂ ਵਿਚ, ਮਿਡਵਾਈਵਜ਼ ਤਕਰੀਬਨ ਸਦਾ, ਕੀਤੀ ਜਾਂਦੀ ਸੰਭਾਲ ਵਿਚ ਸ਼ਾਮਲ ਰਹਿੰਦੀਆਂ ਹਨ।

## ਕੀ ਮੇਰੀ ਉਨ੍ਹਾਂ ਟੈੱਸਟਾਂ ਅਤੇ ਦਵਾਈਆਂ ਤੱਕ ਪਹੁੰਚ ਹੋਵੇਗੀ ਜਿਹੜੀ ਮੇਰੀ ਡਾਕਟਰ ਨਾਲ ਹੋਣ ਸਮੇਂ ਹੋਵੇਗੀ?

ਮਿਡਵਾਈਵਜ਼, ਗਰਭਵਤੀ ਔਰਤਾਂ ਅਤੇ ਨਵਜੰਮੇ ਬੱਚਿਆਂ ਲਈ, ਜਨਮ ਤੋਂ ਪਹਿਲਾਂ ਦੇ ਲੈਬਾਰਟਰੀ ਟੈੱਸਟਾਂ, ਜੈਨੇਟਿਕ ਟੈੱਸਟ ਅਤੇ ਰੋਗਾਂ ਦੀ ਪਛਾਣ ਕਰਨ ਦੀਆਂ ਚੋਣਾਂ, ਅਲਟਰਾਸਾਊਂਡ ਅਤੇ ਕਈ ਹੋਰ ਟੈੱਸਟ ਅਤੇ ਪ੍ਰੋਸੀਜ਼ਰਾਂ ਦਾ ਮੁਕੰਮਲ ਗਰੁੱਪ ਪੇਸ਼ ਕਰਦੀਆਂ ਹਨ। ਮਿਡਵਾਈਫ ਦੀ ਪ੍ਰੈਕਟਿਸ ਦੇ ਕਾਰਜ ਖੇਤਰ ਵਿਚ ਬਹੁਤ ਸਾਰੀਆਂ ਦਵਾਈਆਂ ਦੀ ਵਰਤੋਂ ਸ਼ਾਮਲ ਹੈ ਜਿਨ੍ਹਾਂ ਦੀ ਲੋੜ ਗਰਭ ਵਿਚ, ਲੇਬਰ ਦੌਰਾਨ ਹੋ ਸਕਦੀ ਹੈ ਜਿਸ ਵਿਚ ਐਮਰਜੰਸੀ ਹਾਲਤਾਂ ਜਾਂ ਦਰਦ ਦੀਆਂ ਦਵਾਈਆਂ ਅਤੇ ਜਨਮ ਤੋਂ ਬਾਅਦ ਮਾਂ ਜਾਂ ਬੇਬੀ ਲਈ ਦਵਾਈਆਂ ਸ਼ਾਮਲ ਹੋ ਸਕਦੀਆਂ ਹਨ। ਜੇ ਪ੍ਰੈਕਟਿਸ ਦੇ ਇਸ ਕਾਰਜ ਖੇਤਰ ਤੋਂ ਬਾਹਰ ਦਵਾਈ ਜਾਂ ਟੈੱਸਟ ਦੀ ਲੋੜ ਹੋਵੇ ਤਾਂ ਜ਼ਿਆਦਾ ਖਾਸ ਸੰਭਾਲ ਲਈ ਮਿਡਵਾਈਵਜ਼ ਡਾਕਟਰਾਂ ਨਾਲ ਸਲਾਹ ਕਰਦੀਆਂ ਹਨ ਜਾਂ ਉਨ੍ਹਾਂ ਕੋਲ ਭੇਜਦੀਆਂ ਹਨ।

## ਕੀ ਸਮੱਸਿਆਵਾਂ ਮਿਡਵਾਈਫਰੀ ਸੇਵਾਵਾਂ ਤੋਂ ਮਨ੍ਹਾਂ ਕਰ ਸਕਦੀਆਂ ਹਨ?

ਤੁਹਾਡੀ ਨਿੱਜੀ ਹਾਲਤਾਂ ਮੁਤਾਬਕ ਇਹ ਸੰਭਵ ਹੈ। ਤੁਹਾਡੀ ਪਹਿਲੀ ਵਿਜ਼ਟ ਦੌਰਾਨ, ਮਿਡਵਾਈਵਜ਼ ਤੁਹਾਨੂੰ ਇਹ ਦੱਸਣ ਦੇ ਯੋਗ ਹੋਣੀਆਂ ਚਾਹੀਦੀਆਂ ਹਨ ਕਿ ਕੀ ਤੁਹਾਡੀ ਸੰਭਾਲ ਉਨ੍ਹਾਂ ਦੀ ਪ੍ਰੈਕਟਿਸ ਦੇ ਕਾਰਜ ਖੇਤਰ ਵਿਚ ਆਉਂਦੀ ਹੈ ਜਾਂ ਨਹੀਂ। ਜੇ ਮਿਡਵਾਈਫ ਦੀ ਸੰਭਾਲ ਵਿਚ ਹੋਣ ਦੌਰਾਨ ਕਿਸੇ ਵੇਲੇ ਵੀ ਸਮੱਸਿਆਵਾਂ ਪੈਦਾ ਹੋ ਜਾਣ ਤਾਂ ਸੀ ਐੱਮ ਬੀ ਸੀ ਦਾ ਵੈੱਬਸਾਈਟ ਗਾਈਡਲਾਈਨ ਦੱਸਦਾ ਹੈ ਜਿਹੜੀ ਢੁਕਵੇਂ ਡਾਕਟਰ ਜਾਂ ਹੋਰ ਸਪੈਸ਼ਲਿਸਟ ਨਾਲ ਸਲਾਹ ਕਰਨ ਜਾਂ ਸੰਭਾਲ ਤਬਦੀਲ ਕਰਨ ਬਾਰੇ ਫੈਸਲਾ ਕਰਨ ਵਿਚ ਮਦਦ ਕਰੇਗੀ। ਹਸਪਤਾਲਾਂ ਦੀਆਂ ਵੀ ਇਸ ਚੀਜ਼ ਬਾਰੇ ਪਾਲਸੀਆਂ ਹਨ ਕਿ ਕਦੋਂ ਸਲਾਹ ਮਸ਼ਵਰਾ ਜਾਂ ਤਬਦੀਲੀ ਹੋ ਸਕਦੇ ਹਨ।

## ਕੀ ਮੈਂ ਇਹ ਚੋਣ ਕਰ ਸਕਦੀ ਹਾਂ ਕਿ ਮੈਂ ਜਨਮ ਕਿੱਥੇ ਦੇਣਾ ਹੈ: ਘਰ ਵਿਚ ਜਾਂ ਹਸਪਤਾਲ ਵਿਚ?

ਮਿਡਵਾਈਵਜ਼, ਜਾਣਕਾਰੀ ਲੈ ਕੇ ਫੈਸਲਾ ਕਰਨ ਦੇ ਸਿਧਾਂਤਾਂ ਨੂੰ ਆਧਾਰ ਬਣਾ ਕੇ ਸਿਹਤਮੰਦ, ਘੱਟ ਖਤਰੇ ਵਾਲੀਆਂ ਔਰਤਾਂ ਨੂੰ ਜਨਮ ਦੇਣ ਦੇ ਸਥਾਨ ਦੀ ਚੋਣ ਕਰਨ ਦਿੰਦੀਆਂ ਹਨ। ਔਸਤਨ, ਮਿਡਵਾਈਵਜ਼ ਦੀ ਮਦਦ ਨਾਲ ਹੋਣ ਵਾਲੇ 70% ਜਨਮ ਹਸਪਤਾਲਾਂ ਵਿਚ ਹੁੰਦੇ ਹਨ। ਇਹ ਗਿਣਤੀ ਪ੍ਰੈਕਟਿਸ ਅਤੇ ਇਲਾਕੇ ਮੁਤਾਬਕ ਵੱਖ ਵੱਖ ਹੈ। ਬੀ ਸੀ ਵਿਚ ਘਰ ਵਿਚ ਜਨਮ ਦੇਣ ਬਾਰੇ ਜ਼ਿਆਦਾ ਜਾਣਕਾਰੀ ਲਈ ਸੀ ਐੱਮ ਬੀ ਸੀ ਦਾ ਕਿਤਾਬਚਾ *ਪਲੇਸ ਔਫ ਬਰਥ ਹੈਂਡਬੁੱਕ ਫਾਰ ਕਲਾਇੰਟਸ* ਪੜ੍ਹੋ। ਬ੍ਰਿਟਿਸ਼ ਕੋਲੰਬੀਆ ਵਿਚ ਘਰ ਵਿਚ ਦਿੱਤੇ ਜਨਮਾਂ ਬਾਰੇ ਇਕ ਵੱਡੀ ਸਟੱਡੀ ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਦੇ ਵੈੱਬਸਾਈਟ 'ਤੇ ਉਪਲਬਧ ਹੈ। ਇਸ ਦੇ ਨਾਲ ਹੀ, *ਹੋਮ ਬਰਥ: ਐਨ ਐਨੋਟੇਟਿਡ ਗਾਈਡ ਟੂ ਦਾ ਲਿਟਰੇਚਰ* ਯੂ ਬੀ ਸੀ ਡਿਵੀਜ਼ਨ ਔਫ ਮਿਡਵਾਈਫਰੀ ਰਾਹੀਂ ਉਪਲਬਧ ਹੈ।

## ਮੇਰੇ ਲਈ ਦਰਦ ਤੋਂ ਆਰਾਮ ਦੀਆਂ ਕਿਹੜੀਆਂ ਚੋਣਾਂ ਹਨ?

ਮਿਡਵਾਈਵਜ਼ ਦਰਦ ਤੋਂ ਆਰਾਮ ਦੀਆਂ ਕੁਦਰਤੀ ਅਤੇ ਦਵਾਈਆਂ ਦੀਆਂ ਕਈ ਚੋਣਾਂ ਦਿੰਦੀਆਂ ਹਨ, ਜਿਸ ਵਿਚ ਇਪੀਡੂਰਲਜ਼ ਕਰਨਾ ਵੀ ਸ਼ਾਮਲ ਹੈ। ਮਿਡਵਾਈਫਰੀ ਸੰਭਾਲ ਵਿਚ ਇਹ ਖਾਸ ਹੈ ਕਿ ਕਲਾਇੰਟਸ ਨੂੰ ਉਹ ਜਾਣਕਾਰੀ ਮਿਲੇ ਜਿਸ ਦੀ ਉਨ੍ਹਾਂ ਨੂੰ ਦਰਦ ਤੋਂ ਆਰਾਮ ਦੀਆਂ ਚੋਣਾਂ ਦੀ ਵਰਤੋਂ ਬਾਰੇ ਜਾਣਕਾਰੀ ਲੈ ਕੇ ਫੈਸਲੇ ਕਰਨ ਦੀ ਲੋੜ ਹੈ। ਇਨ੍ਹਾਂ ਚੋਣਾਂ ਬਾਰੇ ਗੱਲਬਾਤ ਜਨਮ ਤੋਂ ਪਹਿਲਾਂ ਦੀਆਂ ਵਿਜ਼ਟਾਂ ਦੌਰਾਨ ਕੀਤੀ ਜਾਂਦੀ ਹੈ ਅਤੇ ਇਸ ਦੇ ਨਾਲ ਨਾਲ ਜਨਮ ਤੋਂ ਪਹਿਲਾਂ ਦੀਆਂ ਕਲਾਸਾਂ ਦੌਰਾਨ ਕੀਤੀ ਜਾਂਦੀ ਹੈ ਜੇ ਤੁਸੀਂ ਆਪਣੇ ਇਲਾਕੇ ਵਿਚ ਕਲਾਸਾਂ ਲੈਣ ਦੀ ਚੋਣ ਕਰਦੇ ਹੋ।

## ਜੇ ਮੇਰਾ ਸੀ-ਸੈਕਸ਼ਨ ਹੋਣਾ ਹੋਵੇ ਤਾਂ ਕੀ ਹੁੰਦਾ ਹੈ?

ਮਿਡਵਾਈਵਜ਼ ਦੇ ਕੇਸਾਂ ਵਿਚ ਸੂਬੇ ਦੀ ਔਸਤ ਨਾਲੋਂ 42% ਘੱਟ ਸਜ਼ੇਰੀਅਨ ਸੈਕਸ਼ਨ (ਪੇਟ ਰਾਹੀਂ ਜਨਮ) ਹੁੰਦੇ ਹਨ। ਪਰ, ਕੁਝ ਖਾਸ ਹਾਲਤਾਂ ਵਿਚ ਕੁਦਰਤੀ ਤਰੀਕੇ ਨਾਲ ਜਨਮ ਦੇਣ ਦੀ ਬਜਾਏ ਸਜ਼ੇਰੀਅਨ ਜਨਮ ਦੀ ਸੁਰੱਖਿਅਤ ਚੋਣ ਵਜੋਂ ਸਿਫਾਰਸ਼ ਕੀਤੀ ਜਾ ਸਕਦੀ ਹੈ। ਬਹੁਤੀਆਂ ਹਾਲਤਾਂ ਵਿਚ ਲੇਬਰ ਦੌਰਾਨ ਜਾਂ ਜਨਮ ਦੇਣ ਤੋਂ ਪਹਿਲਾਂ ਮਿਡਵਾਈਵਜ਼ ਫੈਸਲੇ ਕਰਨ ਦੇ ਕਾਰਜ ਵਿਚ ਸ਼ਾਮਲ ਹੁੰਦੀਆਂ ਹਨ ਅਤੇ ਉਹ ਆਮ ਤੌਰ 'ਤੇ ਸਜ਼ੇਰੀਅਨ ਜਨਮਾਂ ਦੌਰਾਨ ਹਾਜ਼ਰ ਰਹਿਣਗੀਆਂ ਅਤੇ ਬਾਅਦ ਵਿਚ ਤੰਦਰੁਸਤ ਬੱਚਿਆਂ ਦੀ ਸੰਭਾਲ ਕਰਨਗੀਆਂ। ਸਜ਼ੇਰੀਅਨ ਸੈਕਸ਼ਨ ਨਾਲ ਜਨਮ ਤੋਂ ਬਾਅਦ ਮਾਂਵਾਂ ਹਸਪਤਾਲ ਵਿਚ ਜ਼ਿਆਦਾ ਸਮੇਂ ਲਈ ਰਹਿੰਦੀਆਂ ਹਨ; ਇਸ ਕਰਕੇ, ਮਿਡਵਾਈਵਜ਼ ਪਰਿਵਾਰਾਂ ਅਤੇ ਉਨ੍ਹਾਂ ਦੇ ਬੇਬੀਆਂ ਨੂੰ ਉਦੋਂ ਤੱਕ ਹਸਪਤਾਲ ਵਿਚ ਦੇਖਣ ਜਾਂਦੀਆਂ ਹਨ ਜਦ ਤੱਕ ਉਹ ਘਰ ਨਹੀਂ ਆ ਜਾਂਦੇ।

## ਜੇ ਮੇਰੀ ਕੋਈ ਅਜਿਹੀ ਸਮੱਸਿਆ ਹੋਵੇ ਜਿਹੜੀ ਗਰਭ ਨਾਲ ਸੰਬੰਧਿਤ ਨਹੀਂ ਹੈ ਤਾਂ ਕੀ ਹੋਵੇਗਾ?

ਕਲਾਇੰਟਸ ਗਰਭ ਨਾਲ ਨਾ ਸੰਬੰਧਿਤ ਸਿਹਤ ਸਮੱਸਿਆਵਾਂ ਲਈ ਆਪਣੇ ਫੈਮਿਲੀ ਡਾਕਟਰ, ਜਾਂ ਹੋਰ ਸਪੈਸ਼ਲਿਸਟ ਡਾਕਟਰ ਕੋਲ ਜਾਣਾ ਜਾਰੀ ਰੱਖਦੀਆਂ ਹਨ।

## ਮਿਡਵਾਈਫ ਅਤੇ ਡਾਊਲਾ ਵਿਚਕਾਰ ਕੀ ਫਰਕ ਹੈ?

ਡਾਊਲਾਜ਼ ਮੈਡੀਕਲ ਸੰਭਾਲ ਨਹੀਂ ਕਰਦੀਆਂ ਅਤੇ ਨਾ ਹੀ ਬੇਬੀ ਡਲਿਵਰ ਕਰਦੀਆਂ ਹਨ। ਮਿਡਵਾਈਵਜ਼ ਸਾਰੀ ਲੋੜੀਂਦੀ ਮੈਡੀਕਲ ਸੰਭਾਲ ਕਰਨ ਲਈ ਅਤੇ ਤੁਹਾਡੀ ਅਤੇ ਤੁਹਾਡੇ ਬੇਬੀ ਦੀ ਸਿਹਤ ਅਤੇ ਭਲਾਈ ਦੀ ਨਿਗਰਾਨੀ ਰੱਖਣ ਲਈ ਟਰੇਂਡ ਹਨ। ਡਾਊਲਾਜ਼, ਮਿਡਵਾਈਫ ਜਾਂ ਡਾਕਟਰ ਅਤੇ ਨਰਸ ਨਾਲ ਟੀਮ ਦੇ ਹਿੱਸੇ ਵਜੋਂ ਕੰਮ ਕਰਦੀਆਂ ਹਨ। ਡਾਊਲਾਜ਼ ਪ੍ਰਸੂਤ ਪੀੜਾਂ ਵਾਲੀ ਔਰਤ ਅਤੇ ਉਸ ਦੇ ਸਾਥੀ ਨੂੰ ਲਗਾਤਾਰ ਜਜ਼ਬਾਤੀ ਅਤੇ ਸਰੀਰਕ ਮਦਦ ਪ੍ਰਦਾਨ ਕਰਦੀਆਂ ਹਨ ਅਤੇ ਉਨ੍ਹਾਂ ਜੋੜਿਆਂ ਲਈ ਬਰਥ ਟੀਮ ਵਿਚ ਇਕ ਚੰਗਾ ਵਾਧਾ ਹਨ ਜਿਹੜੇ ਵਾਧੂ ਮਦਦ ਚਾਹੁੰਦੇ ਹਨ। ਡਾਊਲਾਜ਼ ਬਾਰੇ ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਬੀ ਸੀ ਡਾਊਲਾ ਸਰਵਿਸਿਜ਼ ਐਸੋਸੀਏਸ਼ਨ ਦੇ ਵੈੱਬਸਾਈਟ 'ਤੇ ਜਾਉ। ਜੇ ਤੁਸੀਂ ਜਾਂ ਤੁਹਾਡਾ ਸਾਥੀ ਅਬਰਿਜਨਲ ਹੋਵੋ ਤਾਂ ਤੁਸੀਂ ਬੀ ਸੀ ਐਸੋਸੀਏਸ਼ਨ ਔਫ ਅਬਰਿਜਨਲ ਫਰਿੰਡਸ਼ਿਪ ਸੈਂਟਰਜ਼ ਰਾਹੀਂ ਮੁਫਤ ਡਾਊਲਾ ਦੇ ਹੱਕਦਾਰ ਹੋ।

I ♥ BC MIDWIVES

ਬੀ ਸੀ ਵਿਚ ਮਿਡਵਾਈਫਰੀ ਬਾਰੇ ਜ਼ਿਆਦਾ ਜਾਣਕਾਰੀ ਅਤੇ ਮਿਡਵਾਈਫ ਲੱਭਣ ਬਾਰੇ ਸੁਝਾਅ **www.bcmidwives.com** 'ਤੇ ਦੇਖੇ ਜਾ ਸਕਦੇ ਹਨ।

**ਮਿਡਵਾਈਵਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ**
ਫੋਨ: 604-736-5976 ਫੈਕਸ: 604-736-5957
www.bcmidwives.com office@bcmidwives.com